# ਸ਼ੀਰਾਜ਼ਾ

## ਵਿਸ਼ੇਸ਼ ਅੰਕ

## ਡਾ. ਗੁਰਚਰਨ ਸਿੰਘ ਗੁਲਸ਼ਨ

(ਜੀਵਨ ਤੇ ਰਚਨਾ)



ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76
(Punjabi)

May-June-2016

ਸਾਲ : 47 | ਅੰਕ : 4 | ਕੁਲ ਅੰਕ : 196

*Editor-in-chief*
**Dr. Aziz Hajni**

*Editor*
**Popinder Singh Paras**

ਸਰਵਰਕ : ਪੋਪਿੰਦਰ ਸਿੰਘ ਪਾਰਸ 09906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ— 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਰੋਹਿਨੀ ਪ੍ਰਿੰਟਰਜ਼, ਕੋਟ ਕਿਸ਼ਨ ਚੰਦ, ਜਲੰਧਰ
ਦੂਰਭਾਸ਼ — 094176-74910, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤੱਤਕਰਾ


❑ ਆਲੇਖ

- ਗੁਰਚਰਨ ਸਿੰਘ ਗੁਲਸ਼ਨ ਦਾ ਖੋਜ ਪ੍ਰਬੰਧ ਲੋਕ ਵਾਰਾਂ/*ਡਾ. ਧਰਮ ਸਿੰਘ/1*
- ਡਾ. ਗੁਰਚਰਨ ਸਿੰਘ "ਗੁਲਸ਼ਨ" ਦੀ ਆਲੋਚਨਾ-ਦ੍ਰਿਸ਼ਟੀ/*ਜੋਗਿੰਦਰ ਸਿੰਘ ਪਾਂਧੀ/10*
- ਮੇਰੀਆਂ ਯਾਦਾਂ ਦੇ ਝਰੋਖੇ ਵਿੱਚ-ਡਾ. ਗੁਰਚਰਨ ਸਿੰਘ 'ਗੁਲਸ਼ਨ/ *ਅਜੀਤ ਸਿੰਘ ਮਸਤਾਨਾ/19*
- ਯਾਦਾਂ ਦੇ ਝਰੋਖੇ 'ਚੋਂ/*ਹਰਮੋਹਿੰਦਰ ਹਰਜੀ/25*
- ਮੱਧ-ਵਰਗ ਦਾ ਬਿਰਤਾਂਤਕਾਰ :/*ਡਾ. ਗੁਰਚਰਨ ਸਿੰਘ ਗੁਲਸ਼ਨ/ ਡਾ. ਕੀਰਤ ਸਿੰਘ ਇਨਕਲਾਬੀ/29*
- ਗੁਰਬਤ ਮਾਨਵਤਾ ਅਤੇ ਅਮਾਨਵਤਾ ਦੀ ਪਰਿਭਾਸ਼ਾ : ਧੁੱਖਦੀ ਬਰਫ਼/ *ਡਾ. ਸੁਖਵਿੰਦਰ ਸਿੰਘ/33*
- ਡਾ. ਗੁਰਚਰਨ ਸਿੰਘ ਗੁਲਸ਼ਨ : ਸਾਹਿਤ ਇਤਿਹਾਸਕਾਰੀ ਦੇ ਕੁਝ ਨਕਸ/ *ਡਾ.ਨਰੇਸ਼ ਕੁਮਾਰ/41*
- ਲੋਕਵਾਰਾਂ-ਜੰਮੂ-ਕਸ਼ਮੀਰ ਤੇ ਪੰਜਾਬੀ ਲੋਕ ਸਾਹਿਤ ਦਾ ਸਵਾਧੀਨ ਕਾਵਿਰੂਪ/ਪ੍ਰੋ. *ਸੁਖਜਿੰਦਰ ਸਿੰਘ ਬਾਠ/46*
- ਕਹਾਣੀ ਉਹ ਤੋਂ "ਮੈਂ" ਤੱਕ ਭਾਵ-ਬੋਧ/*ਇੰਛੂਪਾਲ/54*
- ਡਾ. ਗੁਰਚਰਨ ਸਿੰਘ ਗੁਲਸ਼ਨ ਦਾ ਕਹਾਣੀ ਸੰਗ੍ਰਹਿ 'ਚਿਨਾਰਾਂ ਦੀ ਛਾਂ : ਵਿਸ਼ੈਗਤ ਅਧਿਐਨ/*ਹਰਪ੍ਰੀਤ ਕੌਰ/61*
- ਡਾ. ਗੁਰਚਰਨ ਸਿੰਘ ਅਤੇ ਕਹਾਣੀ ਫੈਸਲਾ/*ਰਤਨ ਸਿੰਘ 'ਕੰਵਲ/69*
- ਜੰਮੂ-ਕਸ਼ਮੀਰ ਦੇ ਸਾਹਿਤ ਦੀ ਇਤਿਹਾਸਕਾਰੀ : ਕੁਝ ਨਕਸ਼/*ਡਾ. ਸੈਮੂਅਲ ਗਿੱਲ/74*
- ਅਮਾਨਵੀ ਵਰਤਾਰਿਆਂ ਦਾ ਬ੍ਰਿਤਾਂਤ-ਸੂਰਾ/*ਆਰ.ਐਸ.ਰਾਜਨ/83*
- ਮੈਂ ਤੇ ਮੇਰਾ ਦਰਦ/ *ਕੀ ਡਾ. ਗੁਲਸ਼ਨ ਹੱਸਦੇ ਵੀ ਸਨ/ਅੰਤਰਜੀਤ ਕੌਰ/87*
- ਡਾ. ਗੁਰਚਰਨ ਸਿੰਘ ਗੁਲਸ਼ਨ ਦੀ ਕਹਾਣੀ-ਸੰਗ੍ਰਹਿ 'ਕਾਲੀਆਂ ਰਾਤਾਂ ਇਕ ਅਧਿਐਨ/ *ਸੰਦੀਪ ਚੰਚਲ/91*

❑ ਕਾਵਿ ਰੂਪ

- *ਗ਼ਜ਼ਲ/ਬਲਜੀਤ ਸਿੰਘ ਰੈਨਾ/96*
- ਗੁਰਚਰਨ ਸਿੰਘ ਗੁਲਸ਼ਨ/*ਸੁਮੇਰ ਸਿੰਘ ਮਸਤਾਨਾ/98*
- ਸੂਰਾ/*ਹਰਭਜਨ ਸਿੰਘ ਉਪਾਸ਼ਕ/100*
- ਪ੍ਰੋ. ਗੁਰਚਰਨ ਸਿੰਘ 'ਗੁਲਸ਼ਨ'/*ਸੂਰਜ ਸਿੰਘ ਸੂਰਜ/103*

Regd. No. 28873/76
ISSN 2319-5053

May-June 2016

Published by the Secretary on behalf of
**J&K Academy of Art, Culture and Languages, Jammu**
and Printed at Rohini Printers, Kot Kishan Chand, Jalandhar.

# ਡਾ. ਗੁਰਚਰਨ ਸਿੰਘ ਗੁਲਸ਼ਨ : ਸਾਹਿਤ ਇਤਿਹਾਸਕਾਰੀ ਦੇ ਕੁਝ ਨਕਸ਼

ਡਾ. ਨਰੇਸ਼ ਕੁਮਾਰ

ਡਾ. ਗੁਰਬਚਨ ਸਿੰਘ ਗੁਲਸ਼ਨ ਦਾ ਪੰਜਾਬੀ ਗਲਪ ਅਤੇ ਸਾਹਿਤ ਇਤਿਹਾਸਕਾਰੀ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਹੈ। ਉਸ ਨੇ ਹੁਣ ਤੀਕ ਪੰਜ ਕਹਾਣੀ ਸੰਗ੍ਰਹਿ ਕਲੀਆਂ (1966), ਕਾਲੀਆਂ ਰਾਤਾਂ (1969), ਬੁੱਤ ਬੋਲਦੇ ਹਨ (1972), ਸਾਥੀ ਹੋਰ ਚਲੀ (1980) ਅਤੇ ਚਿਨਾਰਾਂ ਦੀ ਛਾਂ (1980) ਅਤੇ ਇਕ ਨਾਵਲ ਸੂਰਾ (1966) ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਸਾਹਿਤਕ ਕਿਰਤਾਂ ਤੋਂ ਇਲਾਵਾ ਡਾ. ਗੁਲਸ਼ਨ ਨੇ ਜੰਮੂ ਕਸ਼ਮੀਰ ਵਿੱਚ ਸਿਰਜਤ ਸਾਹਿਤ ਦੇ ਇਤਿਹਾਸ ਨੂੰ ਤਿੰਨ ਜਿਲਦਾਂ ਵਿੱਚ ਕਲਬਮੱਧ ਕੀਤਾ ਹੈ। ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (1984, ਭਾਗ-ਪਹਿਲਾ, ਇਤਿਹਾਸਕ ਪ੍ਰਿਸ਼ਟਭੂਮੀ ਦੇ ਲੋਕ ਸਾਹਿਤ), ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (1994, ਭਾਗ ਦੂਸਰਾ, ਮੁੱਢ ਤੋਂ 1947 ਈ. ਤਕ) ਅਤੇ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (2005-ਭਾਗ-ਤੀਜਾ, 1947 ਈ. ਤੋਂ 1997 ਈ.) ਇਕ ਆਲੋਚਨਾ ਦੀ ਪੁਸਤਕ-ਜੰਮੂ-ਕਸ਼ਮੀਰ ਦੀ ਪੰਜਾਬੀ ਕਵਿਤਾ (1980) ਵੀ ਹੈ। ਡਾ. ਗੁਰਚਰਨ ਸਿੰਘ ਗੁਲਸ਼ਨ ਜੰਮੂ-ਕਸ਼ਮੀਰ ਦਾ ਜੰਮ-ਪਲ ਹੈ। ਉਸਨੂੰ 1947 ਦੇ ਭਾਰਤ-ਪਾਕਿ ਬਟਵਾਰੇ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿੱਚ ਰਹਿੰਦੇ ਪੰਜਾਬੀਆਂ ਅਤੇ ਪੰਜਾਬੀ ਭਾਸ਼ਾ ਦੇ ਹਾਲ ਦਾ ਵੀ ਇਲਮ ਹੈ ਅਤੇ ਇਸ ਸਮੇਂ ਤੋਂ ਬਾਅਦ ਦੀਆਂ ਤਲਖ਼ ਹਕੀਕਤਾਂ ਦਾ ਵੀ।

ਹੱਥਲੇ ਮਜਮੂਨ ਵਿੱਚ ਅਸੀਂ ਡਾ. ਗੁਰਚਰਨ ਸਿੰਘ ਗੁਲਸ਼ਨ ਦੀ ਪੁਸਤਕ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ-ਤੀਜਾ) ਦੇ ਆਧਾਰ ਉੱਪਰ ਡਾ. ਗੁਲਸ਼ਨ ਦੀ ਸਾਹਿਤ ਇਤਿਹਾਸਕਾਰੀ ਦੇ ਨਕਸ਼ਾਂ ਨੂੰ ਪਛਾਣਨ ਦਾ ਯਤਨ ਕਰਾਂਗੇ। ਆਪਣੇ ਅਧਿਐਨ ਕਾਰਜ ਦੇ ਆਰੰਭ ਵਿੱਚ ਸਾਨੂੰ ਸਾਹਿਤ ਇਤਿਹਾਸਕਾਰੀ ਦੇ ਸਿਧਾਂਤਕ ਨੁਕਤਿਆਂ ਨੂੰ ਸਪੱਸ਼ਟ ਕਰ ਲੈਣਾ ਜ਼ਰੂਰੀ ਹੈ। ਸਾਹਿਤ ਅਤੇ ਇਤਿਹਾਸ ਅੰਤਰ-ਸੰਬੰਧਿਤ ਅਨੁਸ਼ਾਸਨ ਹਨ। ਸਾਹਿਤ ਦੀ ਇਤਿਹਾਸਕਾਰੀ ਇੱਕ ਸੁਤੰਤਰ ਵੱਖਰਾ ਮਿਸ਼ਰਿਤ ਕਿਸਮ ਦਾ ਵਰਤਾਰਾ ਹੈ। ਸਾਹਿਤ ਇਤਿਹਾਸਕਾਰ ਨੂੰ ਸਾਹਿਤ ਅਤੇ ਇਤਿਹਾਸ ਦੇ ਸਿਧਾਂਤਕ ਸਰੋਕਾਰਾਂ ਦਾ ਬਰਾਬਰ ਗਿਆਨ ਹੋਣਾ ਚਾਹੀਦਾ ਹੈ। ਸਾਹਿਤ ਇਤਿਹਾਸਕਾਰੀ ਦਾ ਮਸਲਾ ਸਾਹਿਤ ਸਿਧਾਂਤ, ਧਾਰਾਵਾਂ ਅਤੇ ਵਿਧਾਵਾਂ ਦੀ ਵਰਗਵੰਡ ਅਤੇ ਕਾਲਕ੍ਰਮਤਾ ਨਾਲ ਜੁੜਿਆ ਹੋਇਆ ਹੈ। "ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ ਦਾ ਪਾਸਾਰਾ ਤੱਥਾਂ ਦੀ ਚੋਣ ਤੇ ਉਨ੍ਹਾਂ ਦੀ ਪ੍ਰਮਾਣਕਤਾ ਦੀ ਪਛਾਣ ਤੋਂ ਲੈ ਕੇ ਕਾਲ-ਨਾਮਕਰਣ ਤੱਕ ਪਸਰਿਆ ਹੋਇਆਂ ਹੈ। ਇਸ ਦੇ ਵਿਚ-ਵਿਚਾਲੇ ਵਿਧਾਵਾਂ ਤੇ ਧਾਰਾਵਾਂ ਤੇ ਉਦਭਵ, ਵਿਕਾਸ ਤੇ ਵਿਗਤਨ ਦੇ ਕਾਰਣਾਂ ਨੂੰ ਇਤਿਹਾਸਕ ਪਰਿਪੇਖ ਵਿੱਚ ਸਮਝਣ ਦੀ ਵੀ ਗੰਭੀਰ ਸਮੱਸਿਆ ਹੈ ਅਤੇ ਸਮੁੱਚੇ ਸਾਹਿਤ ਵਿੱਚ ਨਿਰੰਤਰਤਾ ਦੀ ਧਾਰਾ ਨੂੰ ਪ੍ਰਵਾਹਿਤ ਕਰਨ ਦਾ ਮਸਲਾ ਵੀ।"(1) ਸਾਹਿਤ ਦੀ

* *ਪੰਜਾਬੀ ਵਿਭਾਗ, ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ, ਬਟਾਲਾ—143505, ਮੋਬਾ-09878889269*

ਇਤਿਹਾਸਕਾਰੀ ਇਕ ਕਠਿਨ, ਜਟਿਲ ਅਤੇ ਗੰਭੀਰ ਪ੍ਰਕਿਰਿਆ ਹੈ। ਇਸ ਕਾਰਜ ਲਈ ਵਿਸ਼ਾਲ ਗਿਆਨ ਅਤੇ ਤਿੱਖੀ ਨੀਝ ਦੀ ਜ਼ਰੂਰਤ ਹੁੰਦੀ ਹੈ। ਇਸ ਪਰਿਪੇਖ ਵਿੱਚ ਡਾ. ਰਵਿੰਦਰ ਰਵੀ ਦੀ ਧਾਰਨਾ ਮਹੱਤਵਪੂਰਨ ਹੈ—

> ਸਾਹਿਤਕ ਇਤਿਹਾਸਕਾਰੀ ਨਾ ਤਾਂ ਸਾਹਿਤ ਦਾ ਨਿਰੋਲ ਇਤਿਹਾਸਕ ਅਧਿਐਨ ਹੈ ਅਤੇ ਨਾ ਹੀ ਇਤਿਹਾਸ ਦਾ ਕੇਵਲ ਸਾਹਿਤਕ ਅਧਿਐਨ ਮਾਤਰ। ਇਤਿਹਾਸ ਅਤੇ ਸਾਹਿਤ ਤੋਂ ਛੁੱਟ ਸਾਹਿਤਕ ਇਤਿਹਾਸਕਾਰੀ ਭਾਸ਼ਾ, ਸੰਸਕ੍ਰਿਤੀ, ਸੁਹਜ-ਸ਼ਾਸਤਰ, ਖੋਜ, ਜੀਵਨੀ, ਵਿਚਾਰਧਾਰਾ ਦੇ ਖੇਤਰਾਂ ਨੂੰ ਵੀ ਆਪਣੇ ਕਲੇਵਰ ਵਿੱਚ ਸਮੇਟਦੀ ਹੈ। ਨਤੀਜੇ ਵਜੋਂ ਇਹ ਆਪਣੇ ਆਪ ਵਿੱਚ ਲਗਭਗ ਇਕ ਸੁਤੰਤਰ ਅਤੇ ਜਟਿਲ ਗਿਆਨ-ਖੇਤਰ ਦਾ ਰੂਪ ਧਾਰਨ ਕਰ ਜਾਂਦੀ ਹੈ।(2)

ਪੰਜਾਬੀ ਸਾਹਿਤ ਚਿੰਤਨ ਵਿੱਚ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਮਸਲਾ ਚੋਖਾ ਪੁਰਾਣਾ ਹੈ। ਹੁਣ ਤੀਕ ਕਈ ਸਾਹਿਤ ਇਤਿਹਾਸਕਾਰਾਂ ਨੇ ਆਪਣੇ ਗਿਆਨ ਅਤੇ ਯੋਗਤਾ ਸਦਕਾ ਇਸ ਖੇਤਰ ਵਿੱਚ ਯੋਗਦਾਨ ਦਿੱਤਾ ਹੈ। ਪੰਜਾਬੀ ਅਕਾਦਮੀ, ਦਿੱਲੀ ਨੇ ਤਾਂ ਵਿਧਾਵਾਂ ਅਨੁਸਾਰ 14 ਜਿਲਦਾਂ ਵਿੱਚ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਪ੍ਰੋਜੈਕਟ 2005 ਵਿੱਚ ਮੁਕੰਮਲ ਕਰ ਪ੍ਰਕਾਸ਼ਿਤ ਕੀਤਾ ਹੈ। ਇਹ ਵਿਧੀਵਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਪ੍ਰੋਜੈਕਟ ਵੀ ਸੀਮਾਵਾਂ ਤੋਂ ਰਹਿਤ ਨਹੀਂ ਹੈ। "ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਪਹਿਲੀ ਵਾਰ ਬਹੁਤ ਹੀ ਵਿਧੀਵਤ, ਤਰਤੀਬਬੱਧ ਅਤੇ ਆਲੋਚਨਾਤਮਕ ਢੰਗ ਨਾਲ ਲਿਖਣ ਦੀ ਪਹਿਲ, ਡਾ. ਮੋਹਨ ਸਿੰਘ ਦੀਵਾਨਾ ਨੇ ਕੀਤੀ। ...ਅੱਜ ਤੀਕ ਦੇ ਪੰਜਾਬੀ ਸਾਹਿਤ ਦੇ ਇਤਿਹਾਸ, ਕਿਸੇ ਨਾ ਕਿਸੇ ਰੂਪ ਵਿੱਚ ਉਨ੍ਹਾਂ ਦੀ ਖੋਜ ਉੱਤੇ ਹੀ ਆਧਾਰਿਤ ਕਹੇ ਜਾ ਸਕਦੇ ਹਨ।"(3)

ਅਗਲਾ ਮਸਲਾ ਸਾਡੇ ਲਈ ਇਹ ਅਹਿਮ ਹੈ ਕਿ ਇਕ ਪਾਸੇ ਤਾਂ ਸਮੁੱਚੇ ਪੰਜਾਬੀ ਸਾਹਿਤ ਨੂੰ ਇਕ ਇਕਾਈ ਵਜੋਂ ਪ੍ਰਵਾਨ ਕਰ ਇਸ ਦੀ ਇਤਿਹਾਸਕਾਰੀ ਦੀ ਗੱਲ ਕੀਤੀ ਜਾਂਦੀ ਹੈ। ਅਤੇ ਇਸ ਦੀ ਵਰਗ ਵੰਡ ਲਈ ਕਾਲ, ਵਿਧਾਵਾਂ ਅਤੇ ਧਾਰਾਵਾਂ ਨੂੰ ਹੀ ਮੁੱਖ ਰੱਖਣ ਲਈ ਕਿਹਾ ਜਾਂਦਾ ਹੈ ਫਿਰ ਸਥਾਨ ਆਧਾਰਿਤ ਸਾਹਿਤ ਇਤਿਹਾਸਕਾਰੀ ਬਾਰੇ ਅਸੀਂ ਕੀ ਕਹਿ ਸਕਦੇ ਹਾਂ। ਪਹਿਲਾਂ ਤਾਂ ਪਰਵਾਸੀ ਸਾਹਿਤ, ਪਾਕਿਸਤਾਨੀ ਸਾਹਿਤ ਅਤੇ ਪੰਜਾਬੀ ਸਾਹਿਤ ਕੋਟੀਆਂ ਵਿੱਚ ਵੀ ਪੰਜਾਬੀ ਸਾਹਿਤ ਨੂੰ ਵੰਡਿਆ ਜਾਂਦਾ ਰਿਹਾ ਹੈ। ਕੀ ਹੁਣ ਰਾਜਾਂ ਦੇ ਆਧਾਰ ਉੱਪਰ ਪੰਜਾਬੀ ਸਾਹਿਤ ਦੀ ਵੰਡ ਕਰ ਇਤਿਹਾਸਕਾਰੀ ਦਾ ਕਾਰਜ ਕਰਨਾ ਮੁਨਾਸਿਬ ਜਾਂ ਜਾਇਜ਼ ਹੈ। ਇਹ ਮਸਲਾ ਗੁੰਝਲਦਾਰ ਹੈ।

ਡਾ. ਗੁਰਚਰਨ ਸਿੰਘ ਗੁਲਸ਼ਨ ਨੇ ਜੰਮੂ-ਕਸ਼ਮੀਰ ਰਿਆਸਤ ਵਿੱਚ ਪੈਦਾ ਹੋਏ ਪੰਜਾਬੀ ਸਾਹਿਤ ਨੂੰ ਵਿਧਾਵਾਂ ਅਤੇ ਧਾਰਾਵਾਂ ਦੇ ਆਧਾਰ ਉੱਪਰ ਵਰਗਿਤ ਕਰਕੇ ਕਾਲਕ੍ਰਮ ਅਨੁਸਾਰ ਟਿਕਾਉਣ ਦਾ ਯਤਨ ਕੀਤਾ ਹੈ। ਉਸ ਨੇ ਅਧਿਐਨ-ਅਧੀਨ ਪੁਸਤਕ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ-ਤੀਜਾ) ਵਿੱਚ 1947 ਤੋਂ 1997 ਦੇ ਸਮਿਆਂ ਵਿੱਚ ਜੰਮੂ-ਕਸ਼ਮੀਰ ਵਿੱਚ ਪੈਦਾ ਹੋਏ ਸਾਹਿਤ ਸੰਬੰਧੀ ਨਿੱਕੀ ਤੋਂ ਨਿੱਕੀ ਅਤੇ ਮਹਾਨ ਜਾਣਕਾਰੀ ਤਕ ਪਹੁੰਚ ਕੀਤੀ ਹੈ। ਸਾਹਿਤ ਇਤਿਹਾਸਕਾਰੀ ਦੇ ਕਾਰਜ ਦੇ ਸਮਾਂਤਰ ਹੀ ਡਾ. ਗੁਲਸ਼ਨ ਨੇ ਸਮਾਜਕ, ਰਾਜਨੀਤਕ, ਅਤੇ ਸਭਿਆਚਾਰਕ ਲਹਿਰਾਂ ਦੇ ਇਤਿਹਾਸ ਨੂੰ ਵੀ ਸਮੇਟਿਆ ਹੈ। ਡਾ. ਗੁਲਸ਼ਨ ਸਾਹਿਤ ਤੱਥਾਂ ਦੀ ਪਛਾਣ ਅਤੇ ਪੇਸ਼ਕਾਰੀ ਸਮੇਂ ਸਾਹਿਤ ਸਿਧਾਂਤ ਉਤੇ ਵੀ ਆਪਣੀ ਦ੍ਰਿਸ਼ਟੀ ਟਿਕਾਈ ਰੱਖਦਾ ਹੈ। ਉਸਨੇ ਸਾਹਿਤਕ ਵਿਧਾਵਾਂ ਅਤੇ ਵਾਦਾਂ ਨੂੰ ਵੀ ਸਿਧਾਂਤਬੱਧ ਕੀਤਾ ਹੈ। ਸੰਖੇਪ ਸਿਧਾਂਤਕਾਰੀ ਡਾ. ਗੁਲਸ਼ਨ ਦੀ ਸਾਹਿਤ ਇਤਿਹਾਸਕਾਰੀ ਨੂੰ ਪ੍ਰਮਾਣਕ ਆਧਾਰ ਪ੍ਰਦਾਨ ਕਰਦੀ ਹੈ। ਸਾਹਿਤ ਦੇ ਸਿਧਾਂਤਕ ਮਸਲੇ ਸਾਹਿਤ ਇਤਿਹਾਸਕਾਰੀ ਵਿੱਚ ਸਾਹਿਤਕ ਤੱਥ ਪਛਾਣ ਲਈ ਅਹਿਮ ਹੁੰਦੇ ਹਨ।

ਡਾ. ਗੁਲਸ਼ਨ ਬਾਹਰਮੁਖੀ ਅਤੇ ਸਤੱਹੀ ਪੱਧਰ ਉਪਰ ਸਿਧਾਂਤਕਾਰੀ ਦਾ ਕਾਰਜ ਕਰਦਾ ਹੈ। ਹਵਾਲੇ ਲਈ ਉਸ ਦੀਆਂ ਕੁਝ ਸਿਧਾਂਤਕ ਟਿੱਪਣੀ ਦੇਖਦੇ ਹਾਂ—

ਕਵਿਤਾ ਵਿੱਚ ਦਿਲ ਅਤੇ ਦਿਮਾਗ ਦੋਵਾਂ ਦਾ ਦਖਲ ਹੋਣ ਕਾਰਣ ਕਾਵਿ ਦੇ ਨਿਰਮਾਣ ਵਿੱਚ ਕਵੀ ਦੇ ਸੁਭਾਅ, ਸੰਸਕਾਰ ਅਤੇ ਸਮੇਂ ਸਥਾਨ ਦੀਆਂ ਪ੍ਰਸਥਿਤੀਆਂ ਦਾ ਮਹੱਤਵਪੂਣ ਹੱਥ ਹੁੰਦਾ ਹੈ ਅਤੇ ਸ਼ਾਇਦ ਇਸੇ ਕਰਕੇ ਪ੍ਰਤਿਭਾਵਾਨ ਵਿਅਕਤੀ ਕਾਵਿ ਰਚਨਾ ਨੂੰ ਪਹਿਲ ਦਿੰਦੇ ਆਏ ਹਨ (4) ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਆਧੁਨਿਕਤਾ ਦਾ ਭਾਵ ਸ਼੍ਰੇਣੀ ਸੁਖਮ ਤੋਂ ਟੁਟ ਕੇ ਵਿਅਕਤੀ ਮੁਖਤਾ ਅਥਵਾ ਵਿਅਕਤੀ ਕੇਂਦ੍ਰਿਤ ਹੋਣ ਤੋਂ ਹੈ। ਇਸ ਵਿਅਕਤੀਵਾਦੀ ਭਾਵਨਾ ਦੇ ਪਿਛੋਕੜ ਵਿਚ ਸੰਸਾਰ ਭਰ ਦੀਆਂ ਸਾਹਿਤਕ, ਸਮਾਜੀ ਅਤੇ ਸਿਆਸੀ ਲਹਿਰਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਆਮ ਕਿਹਾ ਜਾਂਦਾ ਹੈ ਕਿ ਆਧੁਨਿਕਤਾ ਦੀ ਆਤਮਾ ਵਿਅਕਤੀਵਾਦ ਹੈ।[5]

ਡਾ. ਗੁਲਸ਼ਨ ਨੇ ਪੰਜਾਬੀ ਦੀਆਂ ਤਮਾਮ ਸਾਹਿਤਕ ਵਿਧਾਵਾਂ ਦੇ ਇਤਿਹਾਸ ਨੂੰ ਵੇਰਵਿਆਂ ਅਤੇ ਵਸੀਲਿਆ ਸਮੇਤ ਪੇਸ਼ ਕੀਤਾ ਹੈ। ਉਹ ਪਹਿਲਾਂ ਕਿਸੇ ਵਿਧਾ ਦੇ ਮੁੱਢ ਸੰਬੰਧੀ ਤੱਥ ਪੇਸ਼ ਕਰਦਾ ਹੈ ਅਤੇ ਫਿਰ ਉਸ ਵਿਧਾ ਨਾਲ ਸੰਬੰਧਿਤ ਸਾਹਿਤਕਾਰਾਂ ਦੇ ਸਾਹਿਤਕ ਅਤੇ ਜੀਵਨਗਤ ਸਫ਼ਰ ਸੰਬੰਧੀ ਸਰਸਰੀ ਵੇਰਵੇ ਪੇਸ਼ ਕਰਦਾ ਹੈ। ਸਾਹਿਤਕ ਕਾਲ ਅਤੇ ਧਾਰਾਵਾਂ ਤਾਂ ਉਸ ਦੀ ਦ੍ਰਿਸ਼ਟੀ ਅਧੀਨ ਰਹਿੰਦੀਆਂ ਹਨ ਪਰ ਸਾਹਿਤਕ ਤੱਥਾਂ ਦੀ ਅਤੇ ਕੋਟੀਆਂ ਦੀ ਪ੍ਰਮਾਣਿਕਤਾ ਸੰਬੰਧੀ ਉਹ ਵਧੇਰੇ ਰਜੂਹ ਨਹੀਂ ਕਰਦਾ। ਉਸਦੇ ਸਾਹਿਤਕ ਤੱਥਾਂ ਦਾ ਆਧਾਰ ਜਾਂ ਲੇਖਕ ਬਣਦੇ ਹਨ ਜਾਂ ਲੇਖਕਾਂ ਦੇ ਜਾਣਕਾਰ। ਕਿਧਰੇ ਉਸ ਨੂੰ ਤੱਥਾਂ ਅਤੇ ਮਿਤੀਆਂ ਦੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਤਾਂ ਉਹ ਅਧੂਰੀ ਤੱਥ ਹੀ ਪੇਸ਼ ਕਰ ਦਿੰਦਾ ਹੈ। ਅਧੂਰੀ ਜਾਣਕਾਰੀ ਦੇ ਨਾਲ ਅਜਿਹੇ ਸਾਹਿਤਕਾਰਾਂ ਨੂੰ ਵੀ ਸਾਹਿਤ ਇਤਿਹਾਸ ਵਿਚ ਸ਼ਾਮਿਲ ਕਰ ਲੈਂਦਾ ਹੈ ਜਿਨ੍ਹਾਂ ਨੇ ਸਿਰਫ਼ ਸਾਧਾਰਨ ਕਿਸਮ ਦੀ ਇਕ ਲੋਟੀ ਰਚਨਾ ਦੀ ਹੀ ਸਿਰਜਣਾ ਕੀਤੀ ਹੈ। ਇਨ੍ਹਾਂ ਸੰਦਰਭਾਂ ਤਹਿਤ ਡਾ. ਗੁਲਸ਼ਨ ਦੀ ਸਾਹਿਤ ਇਤਿਹਾਸਕਾਰੀ ਕਈ ਨੁਕਸਾਂ ਦੀ ਧਾਰਨੀ ਹੁੰਦੀ ਵੀ ਨਜ਼ਰ ਆਉਂਦੀ ਹੈ। ਇਨ੍ਹਾਂ ਸੀਮਾਵਾਂ ਦੇ ਬਾਵਜੂਦ ਉਸ ਦੁਆਰਾ ਇਕੱਤਰ ਕੀਤੀ ਜਾਣਕਾਰੀ ਵਿਸਤ੍ਰਿਤ ਵੀ ਹੈ ਅਤੇ ਸਾਰਥਕ ਵੀ। ਇਸ ਸਾਹਿਤ ਇਤਿਹਾਸ ਨਾਲ ਹੀ ਪਹਿਲੀ ਵਾਰ ਪੰਜਾਬੀ ਸਾਹਿਤ ਚਿੰਤਨ ਵਿੱਚ ਨਵੇਂ ਤੱਥ ਪੇਸ਼ ਹੁੰਦੇ ਹਨ। ਉਹ ਵਿਧਾਵਾਂ ਦੇ ਮੁੱਢ ਅਤੇ ਵਿਕਾਸ ਨੂੰ ਬ-ਤਰਤੀਬ ਪੇਸ਼ ਕਰਦਾ ਹੈ। ਇਸ ਸੰਦਰਭ ਵਿੱਚ ਇਹ ਕੁਝ ਤੱਥ ਵੇਖੇ ਜਾ ਸਕਦੇ ਹਨ—

ਅਗਰ ਪ੍ਰਕਾਸ਼ਤ ਕਹਾਣੀ-ਸੰਗ੍ਰਹਿਆਂ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਵੀ ਕੰਵਲ ਕਸ਼ਮੀਰੀ ਨੂੰ ਹੀ ਆਧੁਨਿਕ ਨਿੱਕੀ ਕਹਾਣੀ ਦੇ ਖੇਤਰ ਵਿੱਚ ਜੰਮੂ-ਕਸ਼ਮੀਰ ਦਾ ਪਹਿਲਾ ਕਹਾਣੀਕਾਰ ਕਹਾਂਗੇ ਜਿਸ ਦਾ ਕਹਾਣੀ ਸੰਗ੍ਰਹਿ—"ਕੌਂਪਲਾਂ" ਵਰ੍ਹਾ 1965 ਈ. ਵਿਚ ਪ੍ਰਕਾਸ਼ਤ ਹੋਇਆ।[6]

ਜੰਮੂ-ਕਸ਼ਮੀਰ ਵਿੱਚ ਪੰਜਾਬੀ ਨਾਵਲ ਦੀ ਉਮਰ ਤੀਹ ਵਰ੍ਹੇ ਹੈ। 'ਪੀਡੀਆਂ ਨਾੜਾਂ' (ਰਛਪਾਲ ਸਿੰਘ ਬਾਲੀ) ਜੰਮੂ-ਕਸ਼ਮੀਰ ਦਾ ਪਹਿਲਾ ਪੰਜਾਬੀ ਨਾਵਲ ਹੈ ਜੋ ਵਰ੍ਹਾ 1969 ਈ. ਵਿਚ ਪ੍ਰਕਾਸ਼ਤ ਹੋਇਆ। ਇਸਨੂੰ ਯਥਾਰਥਵਾਦੀ ਨਾਵਲਾਂ ਦੀ ਕੋਟੀ ਵਿੱਚ ਰੱਖਿਆ ਜਾ ਸਕਦਾ ਹੈ।[7]

ਡਾ. ਗੁਲਸ਼ਨ ਜਿਥੇ ਸਾਹਿਤ ਇਤਿਹਾਸਕਾਰੀ ਦੇ ਸਮੇਂ ਮਹੀਨ ਅਤੇ ਕਾਲ ਵਿਚ ਲੁਪਤ ਜਾਣਕਾਰੀਆਂ ਨੂੰ ਪਹਿਲੀ ਵਾਰ ਪੰਜਾਬੀ ਚਿੰਤਨ ਵਿੱਚ ਪੇਸ਼ ਕਰਦਾ ਹੈ ਉਸ ਦੇ ਨਾਲ ਹੀ ਕਾਲਕ੍ਰਮਤਾ ਨੂੰ ਵੀ ਅੱਗੇ ਪਿੱਛੇ ਕਰਦਾ ਵੀ ਦਿਖਾਈ ਦਿੰਦਾ ਹੈ। ਇਨ੍ਹਾਂ ਸੀਮਾਵਾਂ ਦੇ ਬਾਵਜੂਦ ਉਹ ਸਾਹਿਤ ਇਤਿਹਾਸਕਾਰੀ ਦੇ ਆਪਣੇ ਕਾਰਜ ਵਿੱਚ ਜੰਮੂ-ਕਸ਼ਮੀਰ ਵਿੱਚ ਕਾਰਜਸ਼ੀਲ ਸਾਹਿਤ ਸਭਾਵਾਂ, ਨਿਕਲਦੀਆਂ ਪਤ੍ਰਿਕਾਵਾਂ ਅਤੇ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਇਤਿਹਾਸ ਵੀ ਬਿਆਨ ਕਰ ਜਾਂਦਾ ਹੈ। ਸਮੇਂ-ਸਮੇਂ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਸਰਕਾਰੀ ਨੀਤੀਆਂ ਦੇ ਵੇਰਵੇ

ਵੀ ਇਸ ਪੁਸਤਕ ਵਿਚ ਪ੍ਰਾਪਤ ਹੁੰਦੇ ਹਨ ਜਿਹੜੇ ਮਹੱਤਵਪੂਰਨ ਅਤੇ ਅਹਿਮ ਹਨ—

ਰਿਆਸਤੀ ਸੰਵਿਧਾਨ ਵਿਚ ਧਾਰਾ 146 ਅਨੁਸਾਰ ਸੱਤ ਭਾਸ਼ਾਵਾਂ ਦਰਜ ਹਨ ਜਿਨ੍ਹਾਂ ਨੂੰ ਇਥੋਂ ਦੀਆਂ ਪ੍ਰਮੁੱਖ ਭਾਸ਼ਾਵਾਂ ਆਖਿਆ ਗਿਆ ਹੈ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਕਸ਼ਮੀਰੀ, ਡੋਗਰੀ, ਬਲਤੀ, ਦਰਦੀ, ਪੰਜਾਬੀ, ਲੱਦਾਖੀ ਅਤੇ ਪਹਾੜੀ....1947 ਈ. ਤੋਂ ਪਹਿਲਾਂ ਅਤੇ ਮਗਰੋਂ ਕੁਝ ਦੇਰ ਤਕ ਵੀ ਲੜਕੀਆਂ ਨੂੰ ਇਹ ਛੂਟ ਹਾਸਲ ਸੀ ਕਿ ਉਹ ਮਿਡਲ ਤਕ ਸਾਰੇ ਦੇ ਸਾਰੇ ਮਜ਼ਮੂਨ ਪੰਜਾਬੀ ਮਾਧਿਅਮ ਰਾਹੀਂ ਪੜ੍ਹ ਸਕਦੀਆਂ ਸਨ ਜਦਕਿ ਮੈਟ੍ਰਿਕ ਵਿੱਚ ਸਾਰੇ ਵਿਦਿਆਰਥੀਆਂ ਨੂੰ ਇਹ ਛੂਟ ਦਿੱਤੀ ਗਈ ਸੀ ਕਿ ਉਹ ਹਿਸਟਰੀ ਅਤੇ ਜੁਗਰਾਫੀਆ ਦੇ ਉਤਰ ਹਿੰਦੀ, ਉਰਦੂ ਅਤੇ ਪੰਜਾਬੀ ਵਿਚੋਂ ਕਿਸੇ ਇਕ ਭਾਸ਼ਾ ਵਿੱਚ ਲਿਖ ਸਕਦੇ ਸਨ।(8)

1982 ਈ. ਵਿਚ ਸਾਡੀ ਰਿਆਸਤ ਵਿੱਚ ਭਾਸ਼ਾ ਨੀਤੀ ਕਾਰਣ ਪਰਿਵਰਤਨ ਆਇਆ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਹੋਣ ਨਾਲ ਜਿਸ ਕਾਰਣ ਪਹਿਲੇ ਦੋ ਗਰੁੱਪਾਂ ਵਿਚੋਂ ਪੰਜਾਬੀ (ਜਿਸ ਨੂੰ ਦੂਜਾ ਦਰਜਾ ਪ੍ਰਾਪਤ ਸੀ) ਨੂੰ ਬਿਲਕੁਲ ਖਾਰਜ ਕਰ ਦਿਤਾ ਗਿਆ ਹੈ ਅਤੇ ਅੰਗ੍ਰੇਜ਼ੀ, ਹਿੰਦੀ ਅਤੇ ਉਰਦੂ ਨੂੰ ਪ੍ਰਮੁਖਤਾ ਪ੍ਰਦਾਨ ਕਰ ਦਿੱਤੀ ਗਈ ਹੈ ਜਦਕਿ ਇਹ ਤਿੰਨੇ ਭਾਸ਼ਾਵਾਂ ਰਿਆਸਤੀ ਸੰਵਿਧਾਨ ਵਿੱਚ ਸਥਾਨਕ ਭਾਸ਼ਾਵਾਂ ਦੀ ਸੂਚੀ ਵਿਚ ਮੂਲੋਂ ਹੀ ਨਹੀਂ ਸਨ।(9)

ਪੰਜਾਬੀ ਭਾਸ਼ਾ ਸੰਬੰਧੀ ਜੰਮੂ-ਕਸ਼ਮੀਰ ਦੀ ਸਰਕਾਰ ਦਾ ਰਵੱਈਆ ਵੀ ਪੰਜਾਬ ਸਰਕਾਰ ਵਾਲਾ ਹੀ ਹੈ। ਫਰਕ ਸਿਰਫ ਏਨਾ ਕੂ ਹੈ ਕਿ ਪੰਜਾਬ ਸਰਕਾਰ ਦਸਤਾਵੇਜ਼ਾਂ ਵਿੱਚ ਤਾਂ ਪੰਜਾਬੀ ਭਾਸ਼ਾ ਦੀ ਹਿਮਾਇਤ ਕਰਦੀ ਹੈ ਪਰ ਵਿਹਾਰਕ ਪੱਧਰ ਉੱਪਰ ਤਰਜ਼ੀਹ ਅੰਗ੍ਰੇਜ਼ੀ ਅਤੇ ਹਿੰਦੀ ਨੂੰ ਹੀ ਹੈ। ਪੰਜਾਬੀ ਭਾਸ਼ਾ ਦੇ ਸਿੱਖਿਆ ਦੇ ਮਾਧਿਅਮ ਲਈ ਅਤੇ ਦਫ਼ਤਰੀ ਭਾਸ਼ਾ ਬਣਾਉਣ ਲਈ ਗ਼ੈਰ-ਸਰਕਾਰੀ ਸੰਸਥਾਵਾਂ ਜਿਵੇਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਸਾਹਿਤ ਅਕਾਦਮੀ ਲੁਧਿਆਣਾ ਆਦਿ ਵਿਰੋਧ ਪ੍ਰਦਰਸ਼ਨ ਤਾਂ ਕਰਦੀਆਂ ਰਹਿੰਦੀਆਂ ਹਨ ਪਰ ਅਜੇ ਤੀਕ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਪੰਜਾਬ ਵਿੱਚ ਹੀ ਬਣਦਾ ਰੁਤਬਾ ਨਹੀਂ ਦਿੱਤਾ ਤਾਂ ਫਿਰ ਹੋਰ ਰਾਜਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ।

ਡਾ. ਗੁਰਚਰਨ ਸਿੰਘ ਗੁਲਸ਼ਨ ਨੇ ਅਧਿਐਨ-ਅਧੀਨ ਪੁਸਤਕ ਵਿਚ ਜੰਮੂ-ਕਸ਼ਮੀਰ ਵਿੱਚ ਪੈਦਾ ਹੋਏ ਸਾਹਿਤ ਸੰਬੰਧੀ ਤੱਥਾਂ ਨੂੰ ਆਪਣੀ ਮਿਹਨਤ ਅਤੇ ਸਿਰੜ ਨਾਲ ਇਕਤਰ ਕਰ ਪੇਸ਼ ਕੀਤਾ ਹੈ। ਇਨ੍ਹਾਂ ਸਾਹਿਤ ਇਤਿਹਾਸ ਦੀਆਂ ਪੁਸਤਕਾਂ ਨਾਲ ਪੰਜਾਬੀ ਚਿੰਤਨ ਜਗਤ ਦਾ ਘੇਰਾ ਹੋਰ ਵਿਸ਼ਾਲ/ਵਿਸਤਰਿਤ ਹੋਇਆ ਹੈ। ਇਹਨਾਂ ਪੁਸਤਕਾਂ ਨਾਲ ਜੰਮੂ-ਕਸ਼ਮੀਰ ਦੀ ਧਰਤੀ ਉੱਪਰ ਚਿੰਤਨ ਦਾ ਅਗਾਜ ਵੀ ਹੁੰਦਾ ਹੈ। ਕਿਉਂਕਿ ਅਜੇ ਤੱਕ ਜੰਮੂ-ਕਸ਼ਮੀਰ ਰਿਆਸਤ ਵਿੱਚ ਕੋਈ ਗੰਭੀਰ ਕਿਸਮ ਦਾ ਆਲੋਚਨਾਤਮਕ ਕਾਰਜ ਸਾਹਮਣੇ ਨਹੀਂ ਆਇਆ। ਪੰਜਾਬੀ ਚਿੰਤਨ ਪੰਜਾਬ ਅਤੇ ਦਿੱਲੀ ਕੇਂਦਰਾਂ ਵਿਕਸਿਤ ਹੋਇਆ ਹੈ। ਜੰਮੂ-ਕਸ਼ਮੀਰ ਪੰਜਾਬੀ ਸਾਹਿਤ ਦੀ ਦ੍ਰਿਸ਼ਟੀ ਤੋਂ ਤਾਂ ਆਪਣਾ ਮੁਕਾਮ ਬਣਾ ਰਿਹਾ ਹੈ ਚਿੰਤਨ ਪੱਖੋਂ ਪਛੜਿਆ ਨਜ਼ਰ ਆਉਂਦਾ ਹੈ। ਇਸ ਤੱਥਨ ਨੂੰ ਡਾ. ਗੁਰਚਰਨ ਸਿੰਘ ਗੁਲਸ਼ਨ ਆਪ ਵੀ ਪ੍ਰਵਾਨ ਕਰਦਾ ਹੈ।(10)

## ਹਵਾਲੇ ਤੇ ਟਿੱਪਣੀਆਂ

1. ਡਾ. ਬਿਕਰਮ ਸਿੰਘ ਘੁੰਮਣ ਤੇ ਡਾ. ਹਰਿਭਜਨ ਸਿੰਘ ਭਾਟੀਆ (ਸੰਪ), ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (ਭਾਗ) ਪੰਨਾ 19
2. ਡਾ. ਰਵਿੰਦਰ ਰਵੀ, ਚਿੰਤਨ-ਚੇਤਨਾ, ਪੰਨੇ 19-20
3. ਡਾ. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 42

4. ਡਾ. ਗੁਰਚਰਨ ਸਿੰਘ ਗੁਲਸ਼ਨ, ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ, (ਭਾਗ-ਤੀਜਾ), ਪੰਨਾ 27

5. ਉਹੀ, ਪੰਨਾ 41

6. ਉਹੀ, ਪੰਨਾ 221

7. ਉਹੀ , ਪੰਨਾ 303.

8. ਉਹੀ, ਪੰਨਾ 10

9. ਉਹੀ, ਪੰਨਾ 13

10. ਉਹੀ, ਪੰਨਾ 33

OOO